# ਸਾਈਕਲ ਨੂੰ ਲਪੇਟ ਦਿਓ ਖੰਭੇ ਦੁਆਲੇ



ਲੰਡਨ-ਇੱਕ ਨੌਜਵਾਨ ਬਰਤਾਨਵੀ ਡਿਜ਼ਾਈਨਰ ਨੇ ਇੱਕ ਅਜਿਹਾ ਆਧੁਨਿਕ ਫੋਲਡਿੰਗ ਸਾਈਕਲ ਤਿਆਰ ਕੀਤਾ ਹੈ, ਜਿਹੜਾ ਆਪਣੇ ਆਪ ਨੂੰ ਚੋਰਾਂ ਦੇ ਹੱਥੋਂ ਬਚਾ ਸਕਦਾ ਹੈ। 21 ਸਾਲਾ ਕੇਵਿਨ ਸਕਾਟ ਨੇ ਜਿਹੜਾ ਸਾਈਕਲ ਤਿਆਰ ਕੀਤਾ ਹੈ ਉਹ ਇੱਕ ਬਿਜਲੀ ਦੇ ਖੰਭੇ ਦੁਆਲੇ ਲਪੇਟਿਆ ਜਾ ਸਕਦਾ ਹੈ, ਤਾਂ ਕਿ ਇਸ ਨੂੰ ਸੁਰੱਖਿਅਤ ਢੰਗ ਨਾਲ 'ਲਾਕ' ਕੀਤਾ ਜਾ ਸਕੇ। ਇਸ ਨੂੰ 'ਲਾਕ' ਕਰਨ ਲਈ ਕਿਸੇ ਚੇਨ ਜਾਂ ਤਾਲੇ ਦੀ ਲੋੜ ਨਹੀਂ ਪੈਂਦੀ। ਡੀ. ਮੋਂਟਫੋਰਟ ਯੂਨੀਵਰਸਿਟੀ ਦੇ ਇਸ ਗ੍ਰੈਜੂਏਟ ਨੇ ਇਸ ਬਾਈਕ ਦੇ ਫਰੇਮ ਨੂੰ ਬਣਾਉਣ ਲਈ ਦੰਦਿਆਂ ਵਾਲੀ ਗਰਾਰੀ ਦੇ ਸਿਸਟਮ ਦੀ ਵਰਤੋਂ ਕੀਤੀ ਹੈ, ਜਿਸ ਕਾਰਨ ਇਸ ਨੂੰ ਖੰਭੇ ਦੁਆਲੇ ਲਪੇਟ ਕੇ ਹਿਲਣ ਤੋਂ ਰੋਕ ਲਿਆ ਜਾਂਦਾ ਹੈ। ਇਸ ਸਾਈਕਲ ਨੂੰ ਥੋੜ੍ਹੀ ਜਗ੍ਹਾ ਵਿੱਚ ਲਪੇਟ ਕੇ ਵੀ ਰੱਖਿਆ ਜਾ ਸਕਦਾ ਹੈ। ਸਰਕਾਟ ਦੇ ਇਸ ਸਾਈਕਲ ਨੂੰ ਉੱਤਰੀ ਲੰਡਨ ਦੇ ਇਸਲਿੰਗਟਨ ਵਿੱਚ ਬਿਜ਼ਨੈਸ ਡਿਜ਼ਾਈਨ ਸੈਂਟਰ ਵਿਖੇ ਨਵੇਂ ਡਿਜ਼ਾਈਨਰਾਂ ਦੇ ਸ਼ੋਅ ਵਿੱਚ ਦਿਖਾਇਆ ਜਾ ਰਿਹਾ ਹੈ।

# ਤਬੂਤ 'ਤੇ ਭਾਰੀ ਪੈ ਗਿਆ ਮੋਟਾਪਾ



ਲੰਡਨ-ਮੋਟਾਪਾ ਇਨਸਾਨ ਨੂੰ ਜੀਉਂਦੇ ਜੀ ਤਾਂ ਭਾਰੀ ਪੈਂਦਾ ਹੀ ਹੈ। ਰੋਮਾਨੀਆ ਦੇ ਕ੍ਰਿਸਟੀਅਨ ਕੇਮਾਨਸੁ ਨੂੰ ਤਾਂ ਮਰਨ ਦੇ ਬਾਅਦ ਹੀ ਉਸ ਨੇ ਤੰਗ ਕਰ ਦਿੱਤਾ। ਕਈ ਅੰਗਾਂ ਦੇ ਖ਼ਰਾਬ ਹੋਣ 'ਤੇ ਰੋਮਾਨੀਆ ਦੇ ਸਭ ਤੋਂ ਮੋਟੇ ਵਿਅਕਤੀ ਕ੍ਰਿਸਟੀਅਨ ਦੀ ਮੌਤ ਹੋ ਗਈ। ਉਸ ਨੂੰ ਦਫ਼ਨਾਉਣ ਦੇ ਲਈ ਜਿਸ ਤਬੂਤ ਦਾ ਇੰਤਜ਼ਾਮ ਕੀਤਾ ਗਿਆ, ਉਹ ਉਸ ਦੇ ਲਈ ਛੋਟਾ ਪੈ ਗਿਆ। ਸਮੱਸਿਆ ਇਹ ਸੀ ਕਿ ਉਸ ਦਾ ਪਰਿਵਾਰ ਤਬੂਤ ਦਾ ਅਕਾਰ ਵਧਾਉਣ ਦਾ ਖ਼ਰਚਾ ਨਹੀਂ ਝੱਲ ਸਕਦਾ ਸੀ। ਇਸ ਕਰਕੇ ਉਸ ਦੇ ਪਰਿਵਾਰ ਨੇ 394 ਕਿਲੋ ਦੇ ਕ੍ਰਿਸਟੀਅਨ ਦੀ ਲਿਪੋਸ਼ਕਨ ਸਰਜਰੀ ਕਰਾਉਣ ਦਾ ਫ਼ੈਸਲਾ ਕੀਤਾ ਹੈ। ਮਰਨ ਤੋਂ ਪਹਿਲਾਂ ਉਹ ਬੁਖਾਲੇਸਟ ਹਾਸਪੀਟਲ ਵਿੱਚ ਵਜ਼ਨ ਘਟਾਉਣ ਦੀ ਸਰਜ਼ਰੀ ਕਰਾਉਣ ਗਿਆ ਸੀ।

# ਹਰ ਸਾਲ ਸੁੱਟਿਆ ਜਾਂਦਾ ਹੈ ਲੱਖਾਂ ਟਨ ਖਾਣਾ

ਲੰਡਨ-ਸੀਲ ਪੈਕ ਖਾਣਿਆਂ 'ਤੇ ਲਿਖੇ ਹੋਏ 'ਸੇਲ ਬਾਇ' ਤੇ ਬੈਸਟ ਬਿਫੋਰ ਤੋਂ ਅਕਸਰ ਹੋਣ ਵਾਲੇ ਕਨਫਿਊਜ਼ਨ ਦੇ ਕਾਰਨ ਲੱਖਾਂ ਟਨ ਖਾਣ ਲਾਇਕ ਚੀਜ਼ਾਂ ਸੁੱਟ ਦਿੱਤੀਆਂ ਜਾਂਦੀਆਂ ਹਨ। ਇਹ ਅੰਕੜਾ ਇੰਨਾ ਭਿਆਨਕ ਹੈ ਕਿ ਸੋਚਣ ਲਈ ਮਜਬੂਰ ਕਰ ਰਿਹਾ ਹੈ ਕਿ ਖਾਧ ਸਮੱਗਰੀ ਨੂੰ ਖਰਾਬ ਕਰਨ ਦੀ ਇਹ ਪ੍ਰਵਿਰਤੀ ਕਿਤੇ ਅੱਗੇ ਜਾ ਕੇ ਖਾਣੇ ਦੀ ਕਮੀ ਨਾ ਲਿਆ ਦੇਵੇ। ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਵਿਸ਼ਵ ਵਿੱਚ ਕਈ ਦੇਸਾਂ 'ਚ ਜਿੱਥੇ ਅੱਜ ਲੋਕਾਂ ਨੂੰ ਖਾਣ ਦੇ ਲਈ ਬਾਸੀ ਅਤੇ ਖ਼ਰਾਬ ਭੋਜਨ ਤੱਕ ਨਹੀਂ ਮਿਲ ਰਿਹਾ, ਉੱਥੇ ਅਮੀਰ ਦੇਸ ਵਧੀਆ ਖਾਣੇ ਨੂੰ ਸੁੱਟ ਰਹੇ ਹਨ। ਬ੍ਰਿਟੇਨ ਵਿੱਚ ਹਰ ਸਾਲ ਸਾਢੇ 4 ਲੱਖ ਟਨ ਤੋਂ ਵੀ ਜ਼ਿਆਦਾ ਚੰਗਾ ਖਾਣਾ ਸੁੱਟਿਆ ਜਾ ਰਿਹਾ ਹੈ। ਇਸ ਦੇ ਲਈ ਸਰਕਾਰ ਸੀਲ ਪੈਕ ਪੈਕੇਟਸ 'ਤੇ ਲਗਾਏ ਜਾਣ ਵਾਲੇ ਲੇਬਲਾਂ ਨੂੰ ਦੋਸ਼ੀ ਮੰਨ ਰਹੀ ਹੈ। ਸਰਕਾਰ ਦੇ ਮੁਤਾਬਕ ਬ੍ਰਿਟੇਨ ਦਾ ਇੱਕ ਸਾਧਾਰਨ ਪਰਿਵਾਰ 500 ਪੌਂਡ ਤੋਂ ਜ਼ਿਆਦਾ ਮੁੱਲ ਦਾ ਖਾਣਾ ਹਰ ਸਾਲ ਡਸਟਬਿਨ ਵਿੱਚ ਸੁੱਟ ਦਿੰਦਾ ਹੈ।

ਇਸ ਦਾ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਪ੍ਰੋਡੈਕਟ 'ਤੇ ਚਾਰ ਅਲੱਗ-ਅਲੱਗ ਡੇਟ ਲੇਬਲ ਲੱਗੇ ਹੁੰਦੇ ਹਨ, ਜਿਸ ਦੇ ਕਾਰਨ ਦੁਕਾਨਦਾਰ ਅਤੇ ਗਾਹਕ ਦੋਵੇਂ ਹੀ ਕਨਫਿਊਜ਼ ਹੋ ਜਾਂਦੇ ਹਨ ਕਿ ਕਿਸ ਡੇਟ ਤੱਕ ਇਹ ਪ੍ਰੋਡੈਕਟ ਵਰਤੋਂ ਕਰਨ ਦੇ ਲਾਇਕ ਹੈ। ਬ੍ਰਿਟੇਨ ਦੇ ਅਧਿਕਾਰਤ ਅੰਕੜਿਆਂ ਅਨੁਸਾਰ ਇਨ੍ਹਾਂ ਲੇਬਲਾਂ ਦੇ ਕਾਰਨ ਲੱਖਾਂ ਟਨ ਚੰਗਾ ਖਾਣਾ ਹਰ ਸਾਲ ਸੁੱਟਿਆ ਜਾਂਦਾ ਹੈ।

ਸੁਪਰ ਮਾਰਕੀਟ ਦੇ ਰਿਸਰਚ ਮੁਤਾਬਕ 55 ਫੀਸਦੀ ਲੋਕ ਬੈਸਟ ਬਿਫੋਰ ਡੇਟ ਲੇਬਲ ਦੇ ਕਾਰਨ ਖਾਣਾ ਸੁੱਟ ਦਿੰਦੇ ਹਨ, ਜਦ ਕਿ ਇਹ ਖਾਣ ਦੇ ਲਾਇਕ ਹੁੰਦਾ ਹੈ। ਖਾਣੇ ਦੀ ਏਨੀ ਬਰਬਾਦੀ ਨੂੰ ਦੇਖਦੇ ਹੋਏ ਬ੍ਰਿਟੇਨ ਸਰਕਾਰ ਨੇ ਖਾਧ-ਸਮੱਗਰੀ ਬਣਾਉਣ ਵਾਲੀਆਂ ਕੰਪਨੀਆਂ ਨੂੰ ਸੀਮਤ ਮਾਤਰਾ ਵਿੱਚ ਉਤਪਾਦਨ ਕਰਨ ਦੇ ਲਈ ਹੁਕਮ ਦਿੱਤੇ ਹਨ।

### ਚਾਰ ਤਰ੍ਹਾਂ ਦੇ ਲੇਬਲ ਤੋਂ ਕਨਫਿਊਜ਼ ਹੁੰਦੇ ਨੇ ਲੋਕ

* ਪੈਕਡ ਫੂਡ 'ਤੇ ਸੇਲ ਬਾਇ ਤੇ ਡਿਸਪਲੇ ਅਨਟਿਲ ਡੇਟ ਲੇਬਲ ਲੱਗਿਆ ਹੁੰਦਾ ਹੈ। ਇਹ ਰਿਟੇਲਰਾਂ ਦੇ ਲਈ ਹੈ ਕਿ ਉਹ ਉਸ ਉਤਪਾਦ ਦਾ ਸਟਾਕ ਕਦ ਤੱਕ ਰੱਖ ਸਕਦੇ ਹਨ।
* ਪੈਕਟ 'ਤੇ 'ਬੈਸਟ ਬਿਫੋਰ' ਡੇਟ ਦਾ ਲੇਬਲ ਹੁੰਦਾ ਹੈ। ਮਤਲਬ ਹੈ ਕਿ ਨਿਰਧਾਰਿਤ ਤਾਰੀਖ਼ ਤੱਕ ਗਾਹਕ ਇਸ ਖਾਧ ਵਸਤੂ ਨੂੰ ਖਾ ਸਕਦਾ ਹੈ।
* ਪੈਕਟ 'ਤੇ ਯੂਜ਼ ਬਾਇ ਡੇਟ ਵੀ ਲਿਖੀ ਹੁੰਦੀ ਹੈ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਨਿਰਧਾਰਿਤ ਤਾਰੀਖ਼ ਤੋਂ ਬਾਅਦ ਪ੍ਰੋਡੈਕਟ ਨੁਕਸਾਨਦੇਹ ਸਾਬਿਤ ਹੋ ਸਕਦਾ ਹੈ ਅਰਥਾਤ ਖਰਾਬ ਹੋ ਜਾਵੇਗਾ।

# ਲਿੰਗ ਪਰਿਵਰਤਨ ਕਰਵਾਉਣ ਵਾਲੇ ਮਰਦ ਨੂੰ ਮਿਲੀ ਔਰਤ ਦੇ ਤੌਰ 'ਤੇ ਪੈਨਸ਼ਨ



ਇੰਗਲੈਂਡ-ਇੱਥੋਂ ਦੀ ਇੱਕ ਅਦਾਲਤ ਨੇ ਇੱਕ ਅਜੀਬ ਮਾਮਲੇ 'ਚ ਫੈਸਲਾ ਸੁਣਾਉਂਦਿਆਂ ਇੱਕ ਆਦਮੀ ਨੂੰ ਅਧਿਕਾਰਤ ਤੌਰ 'ਤੇ ਔਰਤ ਕਰਾਰ ਦਿੱਤਾ ਹੈ ਜੋ ਅਜੇ ਵੀ ਇੱਕ ਔਰਤ ਨਾਲ ਵਿਆਹਿਆ ਹੋਇਆ ਹੈ।

ਫ਼ੈਸਲੇ ਅਨੁਸਾਰ ਬੀਤੇ 'ਚ ਕ੍ਰਿਸ਼ਟੋਫਰ ਟਿੰਬਰੈਲ, ਜੋ ਹੁਣ ਕ੍ਰਿਸਟੀਨ ਹੈ, ਆਮ ਔਰਤਾਂ ਵਾਂਗ 60 ਵਰ੍ਹੇ ਦੀ ਉਮਰ ਤੋਂ ਬਾਦ ਤੋਂ ਪੈਨਸ਼ਨ ਦਾ ਦਾਅਵਾ ਕਰ ਸਕਦਾ ਹੈ। ਪਹਿਲਾਂ ਅਦਾਲਤ ਨੇ ਉਸ ਦੀ ਪੈਨਸ਼ਨ ਦੀ ਉਮਰ 65 ਵਰ੍ਹੇ ਤੋਂ ਬਾਦ ਮਿੱਥੀ ਸੀ, ਕਿਉਂਕਿ ਤਦ ਤੱਕ ਸਰਕਾਰ ਨੇ ਉਸ ਨੂੰ ਇੱਕ ਔਰਤ ਦੇ ਤੌਰ 'ਤੇ ਪਛਾਣ ਨਹੀਂ ਦਿੱਤੀ ਸੀ, ਕਿਉਂਕਿ ਉਹ ਉਸ ਵੇਲੇ ਤੱਕ ਆਪਣੀ ਪਤਨੀ ਨਾਲ ਵਿਆਹਿਆ ਹੋਇਆ ਸੀ।

ਕ੍ਰਿਸਟੋਫਰ, ਜਿਸ ਨੇ ਧਾਰਮਿਕ ਆਧਾਰ 'ਤੇ ਆਪਣੀ 67 ਵਰ੍ਹਿਆਂ ਦੀ ਪਤਨੀ ਜੁਆਏ ਟਿੰਬਰੈਲ ਨੂੰ ਤਲਾਕ ਦੇਣ ਤੋਂ ਨਾਂਹ ਕਰ ਦਿੱਤੀ ਸੀ, ਨੂੰ ਅਦਾਲਤ ਦੁਆਰਾ ਰਸਮੀ ਤੌਰ 'ਤੇ ਇੱਕ ਔਰਤ ਮੰਨ ਲਿਆ ਗਿਆ ਸੀ। ਕ੍ਰਿਸਟੋਫਰ ਨੇ 59 ਵਰ੍ਹਿਆਂ ਦੀ ਉਮਰ 'ਚ ਆਪਣਾ ਲਿੰਗ ਪਰਿਵਰਤਨ ਕਰ ਲਿਆ ਸੀ ਅਤੇ ਉਹ ਕ੍ਰਿਸਟੀਨ ਬਣ ਗਿਆ ਸੀ।

ਕ੍ਰਿਸਟੀਨ ਦੀ ਵਕੀਲ ਮੇਰੀ ਦੇਮੇਤਰੀਓ ਨੇ ਕਿਹਾ ਕਿ ਉਸ ਦੀ ਕਲਾਈਂਟ ਜਿਸ ਨੂੰ ਅਦਾਲਤੀ ਕਾਗਜ਼ਾਂ 'ਚ ਮਿਸ ਟਿੰਬਰੈਲ ਕਿਹਾ ਗਿਆ ਹੈ, ਉਹ ਇੱਕ ਮਰਦ ਦੇ ਸਰੀਰ 'ਚ ਔਰਤ ਵਾਂਗ ਰਹੀ ਹੈ। ਵੈਸਟ ਮਿਡਲੈਂਡਸ ਦੇ ਰਹਿਣ ਵਾਲੇ ਟਿੰਬਰਲੈਸ ਨੂੰ ਕਿਹਾ ਗਿਆ ਸੀ ਕਿ ਕ੍ਰਿਸਟੋਫਰ ਨੂੰ ਜੈਂਡਰ ਰਿਕੋਗਨਿਸ਼ਨ ਐਕਟ ਅਧੀਨ ਆਪਣੀ ਪਤਨੀ ਨੂੰ ਤਲਾਕ ਦੇ ਦੇਵੇ, ਕਿਉਂਕਿ ਦੋ ਔਰਤਾਂ ਦਾ ਵਿਆਹ ਨਹੀਂ ਹੋ ਸਕਦਾ। ਇਸ ਦੇ ਜਵਾਬ ਵਿੱਚ ਜੋੜੇ ਨੇ ਕਿਹਾ ਸੀ ਕਿ ਤਲਾਕ ਉਨ੍ਹਾਂ ਦੇ ਧਰਮ ਦੇ ਵਿਰੁੱਧ ਹੈ। ਅਦਾਲਤ ਨੇ ਸੁਣਵਾਈ ਦੌਰਾਨ ਇਤਿਹਾਸਕ ਫ਼ੈਸਲੇ 'ਚ ਕਿਹਾ ਕਿ ਯੂਰੋਪੀਅਨ ਯੂਨੀਅਨ ਕਾਨੂੰਨਾਂ ਅਧੀਨ ਡਿਪਾਰਟਮੈਂਟ ਫਾਰ ਵਰਕਸ ਐਂਡ ਪੈਨਸ਼ਨ ਮਿਸ ਟਿੰਬਰੈਲ ਨੂੰ ਔਰਤ ਦੇ ਤੌਰ 'ਤੇ ਮਾਨਤਾ ਦਿੰਦਾ ਹੈ ਅਤੇ ਉਸ ਨੂੰ ਆਪਣੇ ਅਪਣਾਏ ਲਿੰਗ ਦੇ ਆਧਾਰ 'ਤੇ 60ਵੇਂ ਜਨਮ ਦਿਨ ਤੋਂ ਬਾਦ ਰਿਟਾਇਰਮੈਂਟ ਪੈਨਸ਼ਨ ਦਾ ਹੱਕ ਹੈ।


# ਸਰਬ ਰੋਗ ਕਾ ਅਉਖਦ ਨਾਮ

ਵੀਰੋ ਭੈਣੋ ਗੁੰਮਰਾਹ ਨਾ ਹੋਵੋ । ਹਰ ਦੁੱਖ ਦਾ ਇਲਾਜ ਹੈ । ਸਿਮਰਨ !! ਸ਼ਰਧਾ ਤੇ ਪੱਕੇ ਵਿਸ਼ਵਾਸ਼ ਨਾਲ ਕੀਤੀ ਸੇਵਾ ਕਦੇ ਵਿਅਰਥ ਨਹੀਂ ਜਾਂਦੀ । ਦੁੱਖ ਭਾਵੇਂ ਕੋਈ ਵੀ ਹੋਵੇ । ਹਰ ਪ੍ਰਕਾਰ ਦੇ ਦੁੱਖ ਦੂਰ ਕਰਦੀ ਹੈ ਗੁਰਬਾਣੀ । ਸਬਦ ਤੋਂ ਵੱਡੀ ਕੋਈ ਤਾਕਤ ਨਹੀਂ । ਧਰਮ ਰਾਜ ਦੇ ਜਮ ਵੀ ਸਬਦ ਦੀ ਤਾਕਤ ਤੋਂ ਡਰਦੇ ਹਨ । ਫਿਰ ਸੰਸਾਰ ਦੇ ਦੁੱਖ ਕੀ ਹੋਏ । ਹਾਂ, ਹਰ ਚੀਜ਼ ਦੀ ਪ੍ਰਾਪਤੀ ਮਿਹਨਤ ਮੰਗਦੀ ਹੈ । ਜੁਗਤੀ ਤੋਂ ਬਿਨਾਂ ਮੁਕਤੀ ਨਹੀਂ । ਜੁਗਤੀ ਦਾ ਹੋਣਾ ਜ਼ਰੂਰੀ ਹੈ । ਜੇ ਤੁਸੀਂ ਵੀ ਕਿਸੇ ਦੁੱਖ ਤੋਂ ਪ੍ਰੇਸ਼ਾਨ ਹੋ ਤਾਂ ਸਿਮਰਨ ਕਰੋ ।

## ਜ਼ਰੂਰਤ ਹੋਵੇ ਤਾਂ ਸੰਪਰਕ ਕਰੋ

**ਫੋਨ–07984812615**

**ਫੋਨ ਕਰਨ ਦਾ ਸਮਾਂ 12PM ਤੋਂ 7PM**

**ਸੇਵਕ ਬੀਬੀ 'ਰੋਜ਼'**